# ਵੈਨਕੋਵਰ ਪ੍ਰੋਵਿੰਸ਼ੀਅਲ ਅਦਾਲਤ ਵਿੱਚ ਟਰਾਇਲ ਦੀ ਤਰੀਕ ਕਿਵੇਂ ਨਿਯੁਕਤ ਕਰਨੀ ਹੈ ।

## ( ਅਰੇਨਮੈਂਟ ਸੁਨਵਾਈ )

**Punjabi**

ਇਹ ਪੱਕਾ ਕਰ ਲਵੋ ਕਿ ਤੁਸੀਂ ਆਪਣੇ ਲਈ ਵਕੀਲ ਲੱਭਣ ਦੀ ਹਰ ਸੰਭਵ ਕੋਸ਼ਿਸ਼ ਕਰ ਲਈ ਹੈ । ਅਗਰ ਤੁਸੀਂ ਥੋੜੇ ਜਿਹੇ ਪੈਸੇ ਵੀ ਖ਼ਰਚ ਕਰ ਸਕਦੇ ਹੋ ਤਾਂ ਤੁਹਾਡੇ ਟਰਾਇਲ ਤੋਂ ਪਹਿਲਾਂ ਵਕੀਲ ਤੁਹਾਨੂੰ ਸਲਾਹ ਦੇ ਸਕਦਾ ਹੈ । ਜੇ ਤੁਸੀਂ ਵਕੀਲ ਦਾ ਖ਼ਰਚਾ ਨਹੀਂ ਚੁੱਚ ਸਖਦੇ ਤਾਂ ਲੀਗਲ ਏਡ ਲਈ ਅਰਜ਼ੀ ਦਿਓ । ਜੇ ਤੁਸੀਂ ਉਸ ਲਈ ਵੀ ਯੋਗ ਨਹੀਂ ਹੋ ਤਾਂ ਪੁੱਛੋ ਕਿ ਬਰਿਟਿਸ਼ ਕੁਲੰਬੀਆ ਯੁਨੀਵਰਸਿਟੀ ਚ ਕਨੂੰਨ ਪੜਣ ਵਾਲੇ ਵਿਦਿਆਰਥੀ ਤੁਹਾਡੀ ਮਦਦ ਕਰ ਸਕਣ ।

ਤੁਹਾਨੂੰ ਇਹ ਸੋਚ ਲੈਣਾ ਚਾਹੀਦਾ ਹੈ ਕਿ ਤੁਸੀਂ ਟਰਾਇਲ ਤੇ ਆਪਣੀ ਕਹਾਣੀ ਦੱਸਣ ਲਈ ਵਿੱਟਨੈਸ ਸਟੈਂਡ ਲੈਣਾ ਹੈ ਜਾਂ ਹੋਰ ਗਵਾਹਾਂ ਨੂੰ ਆਪਣੀ ਕਹਾਣੀ ਦੀ ਸੱਚਾਈ ਦੱਸਣ ਲਈ ਬੁਲਾਉਣਾ ਹੈ । ਜਦ ਤੁਸੀਂ ਇਹ ਕਰ ਲਵੋ, ਤੁਸੀਂ ਜੱਜ ਨੂੰ ਦਸੱ ਸਕਦੇ ਹੋ ਕਿ ਤੁਸੀਂ ਟਰਾਇਲ ਦੀ ਤਰੀਕ ਅਦਾਲਤ ੩੦੭ ਵਿੱਚ ਨਿਸ਼ਚਿੱਤ ਕਰਨ ਲਈ ਤਿਆਰ ਤੋਂ ।

ਅਗਰ ਤੁਸੀਂ ਆਪਣੇ ਆਪ ਨੂੰ ਨਿਰਦੋਸ਼ ਕਹਿੰਦੇ ਹੋ ਤਾਂ ਤੁਹਾਨੂੰ ਟਰਾਇਲ ਲਈ ਜਾਣਾ ਪਵੇਗਾ । ਇਸਦਾ ਮਤਲਬ ਹੈ ਕਿ ਤੁਹਾਨੂੰ ਟਰਾਇਲ ਦੀ ਤਰੀਕ ਨਿਸ਼ਚਿਤ ਕਰਨੀ ਪਵੇਗੀ । ਇਹ ਤੁਸੀਂ **ਅਰੇਨਮੈਂਟ ਸੁਨਵਾਈ** ਵੇਲੇ ਕਰਦੇ ਹੋ । ਅਰੇਨਮੈਂਟ ਸੁਨਵਾਈ ਆਮ ਤੌਰ ਤੇ ਅਦਾਲਤ ਨੰਬਰ ੩੦੭ ਵਿੱਚ ਹੁੰਦੀ ਹੈ । ਅਦਾਲਤ ਨੰਬਰ ੩੦੭ ਵਿੱਚ ਜਾਣ ਤੋਂ ਪਹਿਲਾਂ ਇਹ ਪੱਕਾ ਕਰ ਲਵੋ ਕਿ ਤੁਸੀਂ ਅਦਾਲਤ ਵਿੱਚ ਆਪਣੀ ਪਹਿਲੀ ਪੇਸ਼ੀ ਵੇਲੇ ਹੇਠ ਲਿਖੇ ਦਸਤਾਵੇਜ਼ ਮੰਗ ਲਵੋ ਤੇ ਧਿਆਨ ਨਾਲ ਪੜ ਲਵੋ ਃ-

- ਦਸਤਾਵੇਜ਼ ਜਿਹੜੇ ਤੁਹਾਨੂੰ ਚਾਅਰਜਾਂ ਬਾਅਰੇ ਦਸਦੇ ਹਨ ਅਤੇ ਪੁਲਿਸ ਦੀ ਰਿਪੋਰਟ ਅਤੇ ਗਵਾਹੀਆਂ ਬਾਅਰੇ ਵੀ ਦਸਦੇ ਹਨ ।
- ਕਰਾਉਨ ਦਾ ਅਗੇਤਰਾ ਸਜ਼ਾ ਦਾ ਫ਼ੈਸਲਾ ( ਇਕ ਗੁਲਾਬੀ ਕਾਗਜ਼ ਜਿਹੜਾ ਇਹ ਦੱਸਦਾ ਹੈ ਕਿ ਤੁਹਾਡੇ ਦੋਸ਼ੀ ਸਾਬਿਤ ਹੋਣ ਤੇ ਕਰਾਉਨ ਕੌਂਸਿਲ ਕੀ ਸਜ਼ਾ ਸੁਨਾਏਗੀ )

ਅਦਾਲਤ ਵਿੱਚ ਕੁੱਝ ਵੀ ਕਰਣ ਤੋਂ ਪਹਿਲਾਂ ਤੁਹਾਨੂੰ ਕਨੂੰਨੀ ਸਲਾਹ ਲੈ ਲੈਣੀ ਚਾਹੀਦੀ ਹੈ । ਤੁਸੀਂ ਅਕਸਰ ਡਿਊਟੀ ਕੌਂਸਲ (ਅਦਾਲਤ ਚ ਲੀਗਲ ਏਡ ਦਾ ਇਕ ਵਕੀਲ ) ਕੋਲੋਂ ਸਲਾਹ ਲੈ ਸਕਦੇ ਹੋ । ਸ਼ੈਰਿਫ ਨੂੰ ਕਹਿ ਦਵੋ ਕਿ ਤੁਸੀਂ ਡਿਊਟੀ ਕੌਂਸਲ ਨਾਲ ਗੱਲ ਕਰਣਾ ਚਹੁੰਦੇ ਹੋ ।

### ਅਦਾਲਤ ੩੦੭ ( ਅਰੇਨਮੈਂਟ ਅਦਾਲਤ )

ਜਦੋਂ ਤੁਸੀ ਅਦਾਲਤ ਨੰਬਰ ੩੦੭ ਵਿੱਚ ਆਂਦੇ ਹੋ ਤਾਂ ਸ਼ੈਰਿਫ ਨੂੰ ਦੱਸ ਦਵੋ ਕਿ ਤੁਸੀਂ ਹਾਜ਼ਿਰ ਹੋ । ਕਰਾਉਨ ਤੁਹਾਡੇ ਮੁਕੱਦਮੇ ਦਾ ਨਾਂ ਲਵੇਗਾ ਤੇ ਜੱਜ ਕਰਾਉਨ ਕੌਂਸਲ ਅਤੇ ਤੁਹਾਨੂੰ ਕੁੱਝ ਸਵਾਲ ਪੁੱਛੇਗਾ । ਤੁਹਾਨੂੰ ਪੁੱਛਿਆ ਜਾਵੇਗਾ ਕੀ ਤੁਸੀਂ ਆਪਣੇ ਆਪ ਨੂੰ ਨਿਰਦੋਸ਼ ਸਾਬਿਤ ਕਰਣਾ ਚਾਹੁੰਦੇ ਹੋ ? ਤੁਹਾਨੂੰ ਇਹ ਵੀ ਪੁੱਛਿਆ ਜਾ ਸਕਦਾ ਹੈ ਕੀ ਤੁਸੀਂ ਗਵਾਹਾਂ ਨੂੰ ਬੁਲਾਓਗੇ । ਪਰ ਤੁਹਾਨੂੰ ਅਦਾਲਤ ਜਾਂ ਕਰਾਉਨ ਨੂੰ ਇਹ ਦੱਸਣ ਦੀ ਲੋੜ ਨਹੀਂ ਕਿ ਤੁਸੀਂ ਕਿਸਨੂੰ ਗਵਾਹ ਦੇ ਤੌਰ ਤੇ ਬੁਲਾਓਗੇ । ਜੱਜ ਇਹ ਫ਼ੈਸਲਾ ਕਰੇਗਾ ਕਿ ਤੁਹਾਡੇ ਕੇਸ ਲਈ ਅਦਾਲਤ ਦਾ ਕਿੰਨਾ ਸਮਾਂ ਚਅਹੀਦਾ ਹੈ । ਅਦਾਲਤ ਦਾ ਕਲਰਕ ਤੁਹਾਨੂੰ ਇੱਕ ਕਾਗਜ਼ ਜੁਡੀਸ਼ਿਅਲ ਕੇਸ ਮੈਨੇਜਮੈਂਟ ਦੇ ਦਫ਼ਤਰ ਲੈ ਜਾਣ ਲਈ ਦਵੇਗਾ । ਆਪਣੀ ਟਰਾਇਲ ਦੀ ਤਰੀਕ ਨਿਸ਼ਚਿੱਤ ਕਰਣ ਲਈ ਓਥੇ ਜਾਓ ।


Funded by Justice Canada

ਜੁਡੀਸ਼ਿਅਲ ਕੇਸ ਮੈਨੇਜਰ ਤੁਹਾਨੂੰ ਦੋ ਤਰੀਕਾਂ ਦੇਣਗੇ ਜਿਹੜੀਆਂ ਲਗਭਗ ਇਕ ਮਹੀਨੇ ਦੇ ਫਾਸਲੇ ਤੇ ਹੋਣਗੀਆਂ । ਪਹਿਲੀ ਤਰੀਕ ਤੁਹਾਡੇ ਟਰਾਇਲ ਦੀ ਸੁਨਵਾਈ ਨੂੰ ਪੱਕਾ ਕਰਨ ਲਈ ਹੋਵੇਗੀ । ਅਤੇ ਦੂਜੀ ਤਰੀਕ ਤੁਹਾਡੇ ਟਰਾਇਲ ਦੀ ਤਰੀਕ ਹੈ । ਤੁਹਾਨੂੰ ਪਹਿਲੀ ਤਰੀਕ ਤੇ ਜਰੂਰ ਹਾਜ਼ਰ ਹੋਣਾ ਪਵੇਗਾ ਤਾਂ ਕਿ ਤੁਸੀਂ ਪੱਕਾ ਕਰ ਲਵੋ ਕਿ ਤੁਸੀਂ ਟਰਾਇਲ ਲਈ ਰਾਜੀ ਹੋ । ਦੂਸਰੀ ਤਰੀਕ ਤੇ ਤੁਹਾਨੂੰ ਟਰਾਇਲ ਲਈ ਹਾਜ਼ਰ ਹੋਣਾ ਪਵੇਗਾ ।

ਜੁਡੀਸ਼ਿਅਲ ਕੇਸ ਮੈਨੇਜਰ ਤੁਹਾਨੂੰ ਕੁੱਝ ਕਾਗਜ਼ ਦੇਣਗੇ । ਤੁਹਾਨੂੰ ਇਹ ਕਾਗਜ਼ ਵਾਪਿਸ ਅਦਾਲਤ ਨੰਬਰ ੩੦੭ ਵਿੱਚ ਲੈ ਜਾਣੇ ਪੈਣਗੇ ਤਾਂ ਕਿ ਤੁਸੀਂ ਜੱਜ ਨਾਲ ਇਹ ਤਰੀਕਾਂ ਪੱਕੀਆਂ ਕਰ ਸਕੋ । ਤੁਸੀਂ ਇਹ ਕਾਗਜ਼ ਸ਼ੈਰਿਫ਼ ਨੂੰ ਦੇਵੋਗੇ ਤਾਂਕਿ ਓਹ ਇਹ ਕਾਗਜ਼ ਕਰਾਊਨ ਕੋਂਸਲ ਨੂੰ ਦੇ ਦਵੇ । ਕਰਾਊਨ ਦੁਬਾਰਾ ਤੁਹਾਡਾ ਨਾਂ ਬੁਲਾਏਗਾ ਤੇ ਜੱਜ ਤੁਹਾਡਾ ਕੇਸ ਇਹਨਾਂ ਦੋ ਤਰੀਕਾਂ ਤੇ ਪਾ ਦੇਵੇਗਾ ।

ਅਗਰ ਤੁਸੀਂ ਆਪਣਾ ਮੁਕੱਦਮਾ ਆਪ ਲੜਨਾ ਚਾਹੁੰਦੇ ਹੋ ਤਾਂ ਤੁਹਾਨੂੰ ਡਿਊਟੀ ਕੌਂਸਲ, ਲੀਗਲ ਏਡ ਸਟਾਫ਼ ਜਾਂ ਅਦਾਲਤ ਵਿੱਚ ਜਾਨਕਾਰੀ ਦੇਣ ਵਾਲੇ ਸਟਾਫ਼ ਕੋਲੋਂ ਹੇਠ ਲਿਖੇ ਪਰਕਾਸ਼ਨਾਂ ਬਾਰੇ ਪੁੱਛ ਲੈਣਾ ਚਾਹੀਦਾ ਹੈ ਃ-

- ***ਆਪਣਾ ਮੁਕੱਦਮਾ ਆਪ ਲੜਨਾ ।***

- ***ਛੋਟੇ ਜੁਰਮਾਂ ਦੇ ਤੱਥਾਂ ਦੀ ਵਿਆਖਿਆ*** ਇਸ ਵਿੱਚ ਉਹਨਾਂ ਲੋਕਾਂ ਲਈ ਜਾਣਕਾਰੀ ਹੁੰਦੀ ਹੈ ਜਿਹੜੇ ਹਿੰਸਾ, ਸ਼ਰਾਬ ਪੀ ਕੇ ਗੱਡੀ ਚਲਾਉਣ, ਗੈਰ ਕਨੂੰਨੀ ਨਸ਼ੀਲੇ ਪਦਾਰਥ ਰੱਖਣ, ਸ਼ਰਾਰਤ, ੫੦੦੦ ਡਾਲਰ ਤੋਂ ਥੱਲੇ ਕਿਸੇ ਜਾਇਦਾਦ ਤੇ ਗੈਰਕਨੂੰਨੀ ਕਬਜ਼ਾ ਕਰਣ ਜਾਂ ੫੦੦੦ ਡਾਲਰ ਤੋਂ ਥੱਲੇ ਦੀ ਰਕਮ ਚੋਰੀ ਕਰਣ ਦੇ ਦੋਸ਼ੀ ਹੁੰਦੇ ਹਨ ।)

- ***ਸਜ਼ਾ ਸੁਣਨ ਤੋਂ ਪਹਿਲੇ ਜੱਜ ਨਾਲ ਗੱਲ ਕਰਣਾ ।***